ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ।
ਸੈਕਟਰ 36-ਏ, ਪਲਾਟ ਨੰ: 1-ਏ, ਚੰਡੀਗੜ੍ਹ।
e-mail: dittrg@gmail.com

ਟ੍ਰੇਨਿੰਗ ਸ਼ਾਖਾ ਮੀਮੋ ਨੰ: ਆਈਟੀ/ਟ੍ਰੇ/ਐਸ.ਸੀ.ਵੀ.ਟੀ. ਪ੍ਰੀਖਿਆਵਾਂ/ 4233 ਮਿਤੀ: 2/5/2019

ਸੇਵਾ ਵਿੱਖੇ,

ਸਕੱਤਰ,
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਬੋਰਡ, ਚੰਡੀਗੜ੍ਹ।

ਵਿਸ਼ਾ:-- ਐਸ.ਸੀ.ਵੀ.ਟੀ. ਪ੍ਰੀਖਿਆਵਾਂ ਵਿੱਚ ਬਦਲਾਵ ਸਬੰਧੀ।

ਵਿਸ਼ਾ ਅੰਕਿਤ ਮਾਮਲੇ ਤੇ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾ ਦੇ ਮੱਦੇਨਜ਼ਰ ਮਿਤੀ 30.1.2019 ਨੂੰ ਹੋਈ ਮੀਟਿੰਗ ਦੇ ਮਿਨਟਸ ਅਗਲੀ ਕਾਰਵਾਈ ਲਈ ਭੇਜੇ ਜਾਂਦੇ ਹਨ।

ਮੀਟਿੰਗ ਦੌਰਾਨ ਲਏ ਗਏ ਫੈਸਲੇ ਅਤੇ ਇਹ ਮਿਨਟਸ ਪ੍ਰਮੁੱਖ ਸਕੱਤਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਜੀ ਅਤੇ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾ ਰਹੇ ਹਨ ਜੀ।

ਨੱਥੀ/ ਮਿਨਟਸ ਆਫ ਮੀਟਿੰਗ

ਉਪ ਡਾਇਰੈਕਟਰ (ਟ੍ਰੇਨਿੰਗ)
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: ਆਈਟੀ/ਟ੍ਰੇ/ਪ੍ਰੀਖਿਆ ਸੁਧਾਰ/ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪੀ.ਏ.ਟੂ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
2) ਡਿਪਟੀ ਡਾਇਰੈਕਟਰ(ਪ੍ਰਸ਼ਾਸਨ), ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਚੰਡੀਗੜ੍ਹ।
3) ਪ੍ਰਿੰਸੀਪਲ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਪਟਿਆਲਾ।
4) ਪ੍ਰਿੰਸੀਪਲ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਬਜੀ ਪਠਾਣਾ ।
5) ਕੰਟਰੋਲਰ (ਪ੍ਰੀਖਿਆਵਾਂ), ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਚੰਡੀਗੜ੍ਹ।

ਸਹੀ/-
ਉਪ ਡਾਇਰੈਕਟਰ (ਟ੍ਰੇਨਿੰਗ)
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

Secretary PSBTE&IT
Fresh Receipt
No 4886 Date 3.5.19

ਵਿਸ਼ਾ:- ਐਸ.ਸੀ.ਵੀ.ਟੀ. ਪ੍ਰੀਖਿਆਵਾਂ ਵਿੱਚ ਬਦਲਾਵ ਸਬੰਧੀ।

ਅੱਜ ਮਿਤੀ 30.1.2019 ਨੂੰ 3:30 ਵਜੇ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਜੀ ਦੀ ਪ੍ਰਧਾਨਗੀ ਹੇਠ ਪ੍ਰੀਖਿਆ ਸੁਧਾਰ ਕਮੇਟੀ ਦੀ ਮੀਟਿੰਗ ਹੋਈ ਜਿਸ ਵਿੱਚ ਹੇਠ ਲਿਖੇ ਮੈਂਬਰਾ ਨੇ ਭਾਗ ਲਿਆ:-

1) ਸ੍ਰੀ ਚੰਦਰ ਗੇਂਦ,
ਸਕੱਤਰ, ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਚੰਡੀਗੜ੍ਹ।
2) ਸ੍ਰੀਮਤੀ ਦਮਨਦੀਪ ਕੌਰ,
ਡਿਪਟੀ ਡਾਇਰੈਕਟਰ (ਪ੍ਰਸ਼ਾਸਨ), ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
3) ਸ੍ਰੀ ਜਸਪਾਲ ਸਿੰਘ ਕੰਗ,
ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.), ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਚੰਡੀਗੜ੍ਹ।
4) ਸ੍ਰੀ ਬਲਵਿੰਦਰ ਸਿੰਘ,
(ਜੀ.ਆਈ.), ਸਰਕਾਰੀ ਆਈ.ਟੀ.ਆਈ., ਪਟਿਆਲਾ।

ਮੀਟਿੰਗ ਵਿੱਚ ਤੈਅ-ਸ਼ੁਦਾ ਏਜੰਡੇ ਅਨੁਸਾਰ ਨੁਕਤੇ ਵਿਚਾਰਦੇ ਹੋਏ ਹੇਠ ਅਨੁਸਾਰ ਫੈਸਲਾ ਲਿਆ ਗਿਆ:

| | | |
|---|---|---|
| 1 | ਡੀ.ਜੀ.ਟੀ. ਨਵੀਂ ਦਿੱਲੀ ਦੁਆਰਾ ਪੱਤਰ ਨੰ: MSDE-8011/DGT/2017-TTC(Pt-111) ਮਿਤੀ 4/10/2018 ਅਨੁਸਾਰ ਸੈਸ਼ਨ ਅਗਸਤ 2018 ਦੌਰਾਨ ਦਾਖਲ ਹੋਏ ਸਿਖਿਆਰਥੀਆਂ ਦੇ ਪ੍ਰੀਖਿਆ ਸਿਸਟਮ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਸਨ।ਜਿਸ ਅਨੁਸਾਰ ਐਨ.ਸੀ.ਵੀ.ਟੀ ਦੀਆਂ ਪ੍ਰੀਖਿਆਵਾਂ ਸਮੈਸਟਰ ਸਿਸਟਮ ਤੋਂ Annual System ਅਧੀਨ ਕਰ ਦਿੱਤਾ ਗਿਆ ਹੈ। ਇਸ ਸਮੇਂ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਐਸ.ਸੀ.ਵੀ.ਟੀ ਟਰੇਡਾਂ ਚੱਲ ਰਹੀਆਂ ਹਨ। ਇਸ ਸਬੰਧੀ ਬੋਰਡ ਵਲੋਂ ਲਿਖਿਆ ਗਿਆ ਹੈ ਕਿ ਜੇਕਰ ਐਸ.ਸੀ.ਵੀ.ਟੀ. ਪ੍ਰੀਖਿਆਵਾਂ ਸਮੈਸਟਰ ਸਿਸਟਮ ਤੋਂ Annual System ਅਧੀਨ ਕਰਨੀ ਹੈ ਤਾਂ ਇਸ ਸਬੰਧੀ ਤੁਰੰਤ ਬੋਰਡ ਦਫਤਰ ਨੂੰ ਸੂਚਿਤ ਕੀਤਾ ਜਾਵੇ। | 1) ਇਸ ਮੀਟਿੰਗ ਦੌਰਾਨ ਐਸ.ਸੀ.ਵੀ.ਟੀ ਦੀ ਪ੍ਰੀਖਿਆ ਦੇ ਵਿੱਚ ਤਬਦੀਲੀ ਸਬੰਧੀ ਵਿਚਾਰ ਵਟਾਂਦਰੇ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਚਲਦੀ ਪ੍ਰਥਾ ਦੇ ਅਨੁਸਾਰ ਜੋ ਟਰੇਡਾਂ ਕਰਾਫਟਸਮੈਨ ਸਕੀਮ ਅਧੀਨ (ਡੀ.ਜੀ.ਟੀ. ਨਵੀਂ ਦਿੱਲੀ ਭਾਰਤ ਸਰਕਾਰ) ਐਨ.ਸੀ.ਵੀ.ਟੀ.ਅਧੀਨ ਚਲੱਦੀਆ ਹਨ, ਉਹਨਾਂ ਦੀ ਤਰਜ ਤੇ ਹੀ ਕਰਾਫਟਸਮੈਨ ਸਕੀਮ ਅਧੀਨ ਚਲਦੀਆਂ ਟਰੇਡਾਂ ਦੀ (ਐਸ.ਸੀ.ਵੀ.ਟੀ) ਦੀ ਪ੍ਰੀਖਿਆ (ਸਿਲੇਬਸ/ ਸਟੱਡੀ ਸਕੀਮ/ ਗਰੇਸ ਮਾਰਕਸ/ ਪ੍ਰੀਖਿਆ ਦਾ ਸਮਾਂ ਆਦਿ) ਹੂਬਹੂ ਐਨ.ਸੀ.ਵੀ.ਟੀ ਦੀ ਤਰ੍ਹਾਂ ਹੀ ਲਈ ਜਾਵੇ।<br>2) ਇਸ ਤੋਂ ਇਲਾਵਾ ਜੋ ਟਰੇਡਾਂ ਰਾਜ ਸਰਕਾਰ ਵਲੋ ਐਸ.ਸੀ.ਵੀ.ਟੀ ਸਕੀਮ ਅਧੀਨ i) ਆਰਟ ਐਂਡ ਕਰਾਫਟ ਟੀਚਰ ਟਰੇਨਿੰਗ ਕੋਰਸ ii) ਕਟਾਈ ਸਿਲਾਈ ਤੇ ਕਢਾਈ ਟੀਚਰ ਟਰੇਨਿੰਗ ਕੋਰਸ iii) ਪੰਜਾਬੀ ਸਟੈਨੋਗ੍ਰਾਫੀ ਕੋਰਸ ਚਲਾਈਆਂ ਜਾ ਰਹੀਆਂ ਹਨ, ਇੰਨ੍ਹਾਂ ਕੋਰਸਾਂ ਦੀਆਂ ਪ੍ਰੀਖਿਆਵਾਂ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਬਦਲਾਵ ਨਾਂ ਕੀਤਾ ਜਾਵੇ।<br>3) ਬੋਰਡ ਨਾਲ ਸਬੰਧਤ ਪ੍ਰੀਖਿਆ ਦੇ ਨੁਕਤੇ ਤੇ ਇਹ ਵੀ ਵਿਚਾਰ ਕੀਤਾ ਗਿਆ ਕਿ ਡੀ.ਜੀ.ਟੀ., ਨਵੀਂ ਦਿੱਲੀ ਵੱਲੋ ਜੁਲਾਈ 2018 ਵਿੱਚ ਦਾਖਲ ਸਿਖਿਆਰਥੀਆਂ ਦੀ ਸਲਾਨਾ ਪ੍ਰਣਾਲੀ ਅਧੀਨ, ਪ੍ਰੀਖਿਆ ਆਨ-ਲਾਈਨ ਲਈ ਜਾਣੀ ਹੈ। ਪਰੰਤੂ ਕਿਉਂ ਜੋ ਐਸ.ਸੀ.ਵੀ.ਟੀ ਦੇ ਸਿਖਿਆਰਥੀਆਂ ਦੀ ਗਿਣਤੀ ਐਨ.ਸੀ.ਵੀ.ਟੀ ਦੇ ਮੁਕਾਬਲੇ ਬਹੁਤ ਘੱਟ ਹੈ, ਇਸ ਲਈ ਇਹਨਾਂ ਸਿਖਿਆਰਥੀਆਂ ਦੀ ਪ੍ਰੀਖਿਆ ਹਾਲ ਦੀ ਘੜੀ ਸਲਾਨਾ ਪ੍ਰਣਾਲੀ ਅਧੀਨ ਓ.ਐਮ.ਆਰ. ਉੱਤੇ ਹੀ ਲੈ ਲਈ ਜਾਵੇ ਅਤੇ ਭਵਿੱਖ ਵਿੱਚ ਇਸ ਸਿਸਟਮ ਨੂੰ ਐਨ.ਸੀ.ਵੀ.ਟੀ. ਦੀ ਤਰ੍ਹਾਂ ਹੀ ਆਨ-ਲਾਈਨ ਵਿੱਚ ਤਬਦੀਲ ਕਰਨ ਲਈ ਉਪਰਾਲੇ ਕੀਤੇ ਜਾਣਗੇ।<br>4) ਇਸ ਦੇ ਨਾਲ ਹੀ ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.) ਵਲੋਂ ਆਪਣੇ ਪੱਤਰ ਨੰ: 223 ਮਿਤੀ 28/1/2019 ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਐਸ.ਸੀ.ਵੀ.ਟੀ. ਦੀ ਪ੍ਰੀਖਿਆ 18.2.2019 ਤੋ ਸ਼ੁਰੂ ਹੋ ਰਹੀ ਹੈ। ਐਸ.ਸੀ.ਵੀ.ਟੀ. ਦੀ ਪ੍ਰੀਖਿਆ ਸਬੰਧੀ ਡੇਟਸ਼ੀਟ ਬੋਰਡ ਦੀ ਵੈਬਸਾਇਟ ਤੇ ਪਾ ਦਿੱਤੀ ਗਈ ਹੈ। |

ਮੀਟਿੰਗ ਮਾਨਯੋਗ ਚੇਅਰਪਰਸਨ ਦੇ ਧੰਨਵਾਦ ਸਹਿਤ ਸਮਾਪਤ ਹੋਈ।